# ਤਾੜੀਆਂ ਵਜਾਵਾਂ ਨਾਲੇ ਆਦਿ ਗਣੇਸ਼ ਮਨਾਵਾਂ

ਤਾੜੀਆਂ ਵਜਾਵਾਂ ਨਾਲੇ, ਆਦਿ ਗਣੇਸ਼ ਮਨਾਵਾਂ ॥
ਤਾੜੀਆਂ ਵਜਾਵਾਂ, ਆਦਿ ਗਣੇਸ਼ ਮਨਾਵਾਂ ॥
ਤਾੜੀਆਂ ਵਜਾਵਾਂ ਨਾਲੇ, ਆਦਿ ਗਣੇਸ਼ ਮਨਾਵਾਂ ॥

ਸਭ ਤੋਂ ਪਹਿਲਾਂ, ਗਣੇਸ਼ ਮਨਾਵਾਂ, ਧੂਫ਼ ਦੀਪ ਦੀ, ਜੋਤ ਜਗਾਵਾਂ ॥
ਓ ਰੱਜ ਰੱਜ, ਦਰਸ਼ਨ ਪਾਵਾਂ, ਆਦਿ, ਗਣੇਸ਼ ਮਨਾਵਾਂ ॥
ਤਾੜੀਆਂ ਵਜਾਵਾਂ ਨਾਲੇ, ਆਦਿ ਗਣੇਸ਼ ਮਨਾਵਾਂ ॥

ਸ਼ਿਵ ਸ਼ੰਕਰ ਦਾ, ਪੁੱਤਰ ਪਿਆਰਾ, ਮਾਂ ਗੌਰਾਂ ਦੀ, ਅੱਖ ਦਾ ਤਾਰਾ ॥
ਓਹ ਕਰੇ ਮੇਹਰ ਦੀ ਛਾਂਵਾਂ, ਮਿੱਠੀਆਂ ਮੁਰਾਦਾਂ ਪਾਵਾਂ ॥
ਤਾੜੀਆਂ ਵਜਾਵਾਂ ਨਾਲੇ, ਆਦਿ ਗਣੇਸ਼ ਮਨਾਵਾਂ ॥

ਮੱਥੇ ਇਸ ਦੇ ਤਿਲਕ ਵਿਰਾਜੇ, ਮੁਖ ਤੇ ਵੱਕਰ ਤੁੰਡ ਹੈ ਸਾਜੇ ॥
ਸਭ ਤੋਂ ਪਹਿਲਾ ਧਿਆਵਾਂ, ਮੰਗੀਆਂ ਮੁਰਾਦਾਂ ਪਾਵਾਂ ॥
ਤਾੜੀਆਂ ਵਜਾਵਾਂ ਨਾਲੇ, ਆਦਿ ਗਣੇਸ਼ ਮਨਾਵਾਂ ॥

ਮੂਸ਼ਕ ਦੀ ਏਹ ਕਰੇ ਸਵਾਰੀ, ਲੀਲ੍ਹਾ ਇਸਦੀ ਅਜ਼ਬ ਨਿਆਰੀ ॥
ਓ ਲੱਡੂਆਂ ਦਾ ਭੋਗ ਲਗਾਵਾਂ, ਰੱਜ ਰੱਜ ਦਰਸ਼ਨ ਪਾਵਾਂ ॥
ਤਾੜੀਆਂ ਵਜਾਵਾਂ ਨਾਲੇ, ਆਦਿ ਗਣੇਸ਼ ਮਨਾਵਾਂ ॥

ਗਣਪਤ ਮੇਰਾ ਦੀਨ ਦਿਆਲਾ, ਸਭ ਭਗਤਾਂ ਦਾ ਏਹ ਰੱਖਵਾਲਾ ॥
ਏਹਦੇ ਹਰ ਵੇਲੇ ਗੁਣ ਗਾਵਾਂ, ਤਾੜੀਆਂ ਵਜਾਵਾਂ ॥
ਤਾੜੀਆਂ ਵਜਾਵਾਂ ਨਾਲੇ, ਆਦਿ ਗਣੇਸ਼ ਮਨਾਵਾਂ ॥

ਸੰਕਟ ਸਭ ਦੇ ਹਰਨੇ ਵਾਲਾ, ਰਿੱਧੀ ਸਿੱਧੀ ਹੈ ਪਾਣੇ ਵਾਲਾ ॥
ਸ਼ੁਭ ਲਾਭ ਦੇ ਦਰਸ਼ਨ ਪਾਵਾਂ, ਆਦਿ ਗਣੇਸ਼ ਮਨਾਵਾਂ ॥
ਤਾੜੀਆਂ ਵਜਾਵਾਂ ਨਾਲੇ, ਆਦਿ ਗਣੇਸ਼ ਮਨਾਵਾਂ ॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33030/title/taadiya-vajava-nale-aad-Ganesh-manava-Punjabi-Ganesh-bhajan

अपने Android मोबाइल पर BhajanGanga App डाउनलोड करें और भजनों का आनंद ले |